# ਨੌਜਵਾਨ ਦੇ ਅੰਨ੍ਹੇ ਕਤਲ ਦੀ ਗੁੱਥੀ ਸੁਲਝੀ, ਦੋ ਗ੍ਰਿਫ਼ਤਾਰ

ਅੰਮ੍ਰਿਤਸਰ, 15 ਨਵੰਬਰ (ਗਗਨਦੀਪ ਸ਼ਰਮਾ)-ਕੰਬੋਅ ਪੁਲਿਸ ਵਲੋਂ ਨੌਜਵਾਨ ਦੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਂਦਿਆਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਲਾਸ਼ (ਪਿੰਜਰ ਹੱਡੀਆਂ), ਵਾਰਦਾਤ ਲਈ ਇਸਤੇਮਾਲ ਕੀਤਾ ਗਿਆ

## ਦਾਤਰ, ਕਿੱਟ ਤੇ ਮ੍ਰਿਤਕ ਦਾ ਮੋਟਰਸਾਈਕਲ ਬਰਾਮਦ

ਦਾਤਰ, ਕਿੱਟ ਤੇ ਮ੍ਰਿਤਕ ਦਾ ਮੋਟਰਸਾਈਕਲ ਬਰਾਮਦ ਕਰ ਲਿਆ ਗਿਆ ਹੈ। ਸੀਨੀਅਰ ਪੁਲਿਸ ਕਪਤਾਨ ਅੰਮ੍ਰਿਤਸਰ ਦਿਹਾਤੀ ਰਾਕੇਸ਼ ਕੌਸ਼ਲ ਨੇ ਇਹ ਖ਼ੁਲਾਸਾ ਅੱਜ ਇਥੇ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਰਾਮ ਲੁਭਾਇਆ ਪੁੱਤਰ ਬਲਦੇਵ ਸਿੰਘ ਵਾਸੀ ਰਾਮ ਨਗਰ ਕਲੋਨੀ (ਬੱਲ ਕਲਾਂ) ਨੇ ਬੀਤੀ 19 ਜੁਲਾਈ ਨੂੰ ਥਾਣਾ ਕੰਬੋਅ 'ਚ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਉਸਦਾ ਲੜਕਾ ਰੋਹਿਤ (18) ਪਿੰਡ ਨੰਗਲੀ ਵਿਖੇ ਡਾਕਟਰ ਦੇ ਕਲੀਨਿਕ 'ਚ ਕੰਮ ਕਰਦਾ ਹੈ। ਉਹ 2 ਜੁਲਾਈ ਸਵੇਰੇ 8 ਵਜੇ ਕੰਮ 'ਤੇ ਗਿਆ, ਬਾਅਦ 'ਚ ਘਰ ਵਾਪਸ ਨਹੀਂ ਪਰਤਿਆ। ਉਸਨੇ ਕਿਹਾ ਕਿ ਮੈਨੂੰ ਸ਼ੱਕ ਹੈ ਕਿ ਅਣਪਛਾਤੇ ਵਿਅਕਤੀਆਂ ਨੇ ਉਸਦੇ ਲੜਕੇ ਨੂੰ ਅਗਵਾ ਕਰਕੇ ਕਿਧਰੇ ਬੰਦੀ ਬਣਾ ਕੇ ਰੱਖਿਆ ਹੋਇਆ ਹੈ। ਸ੍ਰੀ ਕੌਸ਼ਲ ਨੇ ਇਸ ਮਾਮਲੇ ਨੂੰ ਸੁਲਝਾਉਣ ਲਈ ਇੰਸ. ਅਮਰੀਕ ਸਿੰਘ ਮੁੱਖ ਅਫ਼ਸਰ ਥਾਣਾ ਕੰਬੋਅ ਵਲੋਂ ਸਾਥੀ ਕਰਮਚਾਰੀਆਂ ਦੀ ਵਿਸ਼ੇਸ਼ ਟੀਮ ਤਿਆਰ ਕਰਕੇ ਮੁੱਢਲੀ ਤਫ਼ਤੀਸ਼ ਅਮਲ 'ਚ ਲਿਆਂਦੀ ਗਈ ਤਾਂ ਵਰਿੰਦਰ ਸਿੰਘ ਉਰਫ਼ ਰਾਜੂ ਵਾਸੀ ਨਵੇਂ ਨਾਗ ਕਲਾ ਹਾਲ ਵਾਸੀ ਰਾਮ ਨਗਰ ਕਲੋਨੀ ਬੱਲ ਕਲਾਂ ਹਾਲ ਝੀਤਾ ਕਲਾ ਥਾਣਾ ਚਾਟੀਵਿੰਡ ਤੇ ਪ੍ਰਿੰਸ ਵਾਸੀ ਨਵੇਂ ਨਾਗ ਨੇੜੇ ਘੋੜੇ ਸ਼ਾਹ 88 ਫੁੱਟ ਰੋਡ ਮਜੀਠਾ ਰੋਡ ਅੰਮ੍ਰਿਤਸਰ 'ਤੇ ਸ਼ੱਕ ਹੋਇਆ। ਉਨ੍ਹਾਂ ਦੋਵਾਂ ਨੂੰ ਹਿਰਾਸਤ 'ਚ ਲੈ ਕੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਮੰਨਿਆ ਕਿ ਰੋਹਿਤ ਦਾ ਦਾਤਰ ਨਾਲ ਕਤਲ ਕਰਨ ਤੋਂ ਬਾਅਦ ਲਾਸ਼, ਮ੍ਰਿਤਕ ਦਾ ਮੋਟਰਸਾਈਕਲ, ਦਾਤਰ ਤੇ ਕਿੱਟ ਪਿੰਡ ਪਾਰੋਵਾਲ ਸਾਈਡ ਵੱਡੀ ਨਹਿਰ ਕਿਨਾਰੇ ਝਾੜੀਆਂ 'ਚ ਸੁੱਟ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਰੋਹਿਤ ਦਾ ਕਤਲ ਕਰਨ ਦਾ ਕਾਰਨ ਇਹ ਸੀ ਕਿ ਵਰਿੰਦਰ ਸਿੰਘ ਉਰਫ਼ ਰਾਜੂ ਦਾ ਕਿਸੇ ਲੜਕੀ ਨਾਲ ਨਾਜਾਇਜ਼ ਸਬੰਧ ਸਨ ਤੇ ਰੋਹਿਤ ਨੇ ਲੜਕੀ ਦੇ ਘਰ ਜਾ ਕੇ ਇਸ ਬਾਰੇ ਦੱਸ ਦਿੱਤਾ ਸੀ।



ਨੌਜਵਾਨ ਦੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਣ ਬਾਰੇ ਖ਼ੁਲਾਸਾ ਕਰਦੇ ਹੋਏ ਰਾਕੇਸ਼ ਕੌਸ਼ਲ। ਉਨ੍ਹਾਂ ਦੇ ਪਿੱਛੇ ਪੁਲਿਸ ਮੁਲਾਜ਼ਮਾਂ ਨਾਲ ਮੌਜੂਦ ਕਥਿਤ ਦੋਸ਼ੀ। ਤਸਵੀਰ : ਹਰਜੀਤ ਸਿੰਘ

ਅਜੀਤ ®©
16-Nov-2021
Page: 6
http://epaper.ajitjalandhar.com/edition/20211116/6/6.cms